# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ
## ਈ-ਬਲਾਕ, ਚੌਥੀ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ

ਵੱਲ:

1) ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.), ਪੰਜਾਬ
3) ਸਮੂਹ ਪ੍ਰਿੰਸੀਪਲ, ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰ
4) ਸਮੂਹ ਪ੍ਰਿੰਸੀਪਲ, ਜਿਲ੍ਹਾ ਸਿਖਲਾਈ ਅਤੇ ਸਿੱਖਿਆ ਸੰਸਥਾ

ਮੀਮੋ ਨੰ : 15/34-2016 ਕੋ.ਸੈਲ (1)　　　　ਮਿਤੀ : 25-02-2017

ਵਿਸ਼ਾ : **eHRMS ਪੋਰਟਲ ਉੱਤੇ ਦਫਤਰ ਅਤੇ ਸਕੂਲਾਂ ਦੇ ਅਮਲੇ ਦੇ ਸਰਵਿਸ ਰਿਕਾਰਡ ਨੂੰ ਅਪਲੋਡ ਕਰਨ ਸਬੰਧੀ।**

ਵਿੱਤ ਵਿਭਾਗ, ਪੰਜਾਬ ਵਲੋਂ ਰਾਜ ਦੇ ਸਮੂਹ ਵਿਭਾਗ ਦੇ ਅਮਲੇ ਦੇ ਸਰਵਿਸ ਰਿਕਾਰਡ ਨੂੰ ਆਨਲਾਈਨ ਕਰਨ ਲਈ ਐਨ.ਆਈ.ਸੀ. ਦੀ ਮਦਦ ਨਾਲ ਇੱਕ ਪੋਰਟਲ www.ehrms.nic.in ਚਲਾਇਆ ਗਿਆ ਹੈ। ਇਸ ਪੋਰਟਲ ਦੀ ਟ੍ਰੇਨਿੰਗ ਵੀ ਕਈ ਵਾਰ ਜਿਲ੍ਹਾ ਅਤੇ ਸਕੂਲ ਪੱਧਰ ਦੇ ਡੀ.ਡੀ.ਓਜ. ਨੂੰ ਦਿੱਤੀ ਜਾ ਚੁੱਕੀ ਹੈ। ਇਸ ਪੋਰਟਲ ਉੱਤੇ ਦਫਤਰ ਅਤੇ ਸਕੂਲਾਂ ਦੇ ਸਮੂਹ ਅਮਲੇ ਦੇ ਮਿਤੀ 01-01-2015 ਤੋਂ ਅੱਗੇ ਦੇ ਸਰਵਿਸ ਰਿਕਾਰਡ ਨੂੰ ਅਪਲੋਡ ਕੀਤਾ ਜਾਣਾ ਹੈ। ਪੋਰਟਲ ਉੱਤੇ ਉਪਲਬਧ ਕਰਵਾਏ ਆਨਲਾਈਨ ਪ੍ਰਫਾਰਮਿਆਂ ਵਿਚ ਹੀ ਸਰਵਿਸ ਦੇ ਰਿਕਾਰਡ ਨੂੰ ਭਰਨਾ ਹੈ, ਪੋਰਟਲ ਸਰਵਿਸ ਬੁੱਕ ਦੀ ਸਕੈਨ ਕਾਪੀ ਜਾਂ ਫੋਟੋਆਂ ਆਦਿ ਅਪਲੋਡ ਕਰਨ ਦੀ ਕੋਈ ਜਰੂਰਤ ਨਹੀਂ ਹੈ।

ਵਿਭਾਗ ਦੇ ਸਮੂਹ ਡੀ.ਡੀ.ਓਜ. ਨੂੰ ਲਾਗਇਨ ਅਤੇ ਪਾਸਵਰਡ ਪਹਿਲਾਂ ਹੀ ਉਪਲਬਧ ਕਰਵਾਏ ਜਾ ਚੁੱਕੇ ਹਨ ਅਤੇ ਡੀ.ਡੀ.ਓਜ. ਵਲੋਂ ਹੀ ਆਪਣੇ ਸਟਾਫ ਦੇ ਸਰਵਿਸ ਰਿਕਾਰਡ ਨੂੰ ਵੈਰੀਫਾਈ ਕੀਤਾ ਜਾਣਾ ਹੈ। ਸਮੂਹ ਡੀ.ਡੀ.ਓਜ. ਇਹ ਯਕੀਨੀ ਬਣਾ ਲੈਣ ਕਿ ਕੋਈ ਵੀ ਸਟਾਫ ਮੈਂਬਰ ਅਜਿਹਾ ਨਾ ਰਹਿ ਜਾਵੇ ਜਿਸ ਦਾ ਸਰਵਿਸ ਰਿਕਾਰਡ ਪੋਰਟਲ ਉੱਤੇ ਦਰਜ ਨਾ ਹੋਵੇ। ਇਸ ਸਬੰਧੀ ਕਿਸੇ ਵੀ ਕਿਸਮ ਦੀ ਤਕਨੀਕੀ ਜਾਣਕਾਰੀ ਲਈ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ( http://epunjabschool.gov.in/AboutUs.aspx ) ਜਾਂ ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਨਾਲ ਫੋਨ ਨੰਬਰ 0172-5212332, 5212318 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਿੱਖਿਆ ਵਿਭਾਵ ਵਲੋਂ ਇੱਕ ਆਖਰੀ ਮੌਕਾ ਦਿੰਦੇ ਹੋਏ ਸਮੂਹ ਦਫਤਰਾਂ ਅਤੇ ਸਕੂਲਾਂ ਦੇ ਡੀ.ਡੀ.ਓਜ. ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਤੀ 10-03-2017 ਤੱਕ ਸਬੰਧਤ ਅਮਲੇ ਦੇ ਸਰਵਿਸ ਰਿਕਾਰਡ ਨੂੰ ਆਨਲਾਈਨ ਕਰਵਾਉਣ ਕਿਉਂ ਕਿ ਵਿੱਤ ਵਿਭਾਗ ਵਲੋਂ ਮਾਰਚ ਤੋਂ ਬਾਅਦ ਕਿਸੇ ਵੀ ਉਸ ਅਧਿਕਾਰੀ / ਕਰਮਚਾਰੀ ਦੀ ਤਨਖ੍ਹਾਹ ਜਾਰੀ ਨਹੀਂ ਕੀਤੀ ਜਾਵੇਗੀ ਜਿਸ ਦਾ ਸਰਵਿਸ ਰਿਕਾਰਡ ਪੋਰਟਲ ਉੱਤੇ ਅਪਲੋਡ ਨਹੀਂ ਹੋਵੇਗਾ। ਜੇਕਰ ਇਸ ਮਿਤੀ ਤੋਂ ਬਾਅਦ ਕਿਸੇ ਵੀ ਅਧਿਕਾਰੀ / ਕਰਮਚਾਰੀ ਦਾ ਸਰਵਿਸ ਰਿਕਾਰਡ ਪੋਰਟਲ ਉੱਤੇ ਅਪਲੋਡ ਨਹੀਂ ਹੁੰਦਾ ਹੈ ਤਾਂ ਉਸ ਅਧਿਕਾਰੀ / ਕਰਮਚਾਰੀ ਅਤੇ ਸਬੰਧਤ ਡੀ.ਡੀ.ਓਜ. ਖਿਲਾਫ ਕਾਰਵਾਈ ਆਰੰਭੀ ਜਾਵੇਗੀ।

**ਨੋਡਲ ਅਫਸਰ**

ਪਿੱਠ ਅੰਕਣ ਨੰ: ਉੱਕਤ　　　　ਮਿਤੀ : 25-02-2017

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1) ਨਿੱਜੀ ਸਕੱਤਰ, ਮਾਨਯੋਗ ਵਧੀਕ ਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ
2) ਪੀ.ਏ., ਮਾਨਯੋਗ ਡੀ.ਜੀ.ਐਸ.ਈ., ਪੰਜਾਬ
3) ਪੀ.ਏ., ਡੀ.ਪੀ.ਆਈ. (ਸੈ.ਸਿ.), ਪੰਜਾਬ
4) ਪੀ.ਏ., ਡੀ.ਪੀ.ਆਈ. (ਐ.ਸਿ.),, ਪੰਜਾਬ
5) ਪੀ.ਏ., ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ
6) ਸਮੂਹ ਡੀ.ਡੀ.ਓਜ., ਮੁੱਖ ਦਫਤਰ, ਸਿੱਖਿਆ ਵਿਭਾਗ, ਪੰਜਾਬ

**ਨੋਡਲ ਅਫਸਰ**